Washington Apple Health

# ਆਪਣੀ ਆਮਦਨ ਜਾਂ ਪਤਾ ਅਪਡੇਟ ਕਰਨਾ (ਤਬਦੀਲੀ ਬਾਰੇ ਦੱਸਣਾ)

ਸੋਧੀ ਹੋਈ ਤਾਲਮੇਲ ਕੀਤੀ ਗਈ ਖ਼ਾਲਸ ਆਮਦਨ (MAGI) ਜਾਂ ਕਲਾਸਿਕ Medicaid ਲਈ Apple Health (Medicaid) ਵਾਸਤੇ ਤਬਦੀਲੀਆਂ ਬਾਰੇ ਕਿਵੇਂ ਰਿਪੋਰਟ ਕਰੋ, ਬਾਰੇ ਜਾਣੋ।

## ਤਬਦੀਲੀ ਬਾਰੇ ਮੈਂ ਕਦੋਂ ਦੱਸਾਂ?

Apple Health (Medicaid) ਵਿੱਚ ਰਜਿਸਟਰਡ ਲੋਕਾਂ ਨੂੰ 30 ਦਿਨਾਂ ਦੇ ਅੰਦਰ ਤਬਦੀਲੀਆਂ ਬਾਰੇ ਦੱਸਣਾ ਚਾਹੀਦਾ ਹੈ।

## ਮੈਨੂੰ ਕਿਸ ਕਿਸਮ ਦੀਆਂ ਤਬਦੀਲੀਆਂ ਬਾਰੇ ਦੱਸਣ ਦੀ ਲੋੜ ਹੈ?

COVID-19 ਪਬਲਿਕ ਸਿਹਤ ਐਮਰਜੈਂਸੀ (PHE) ਦੌਰਾਨ ਸਿਹਤ-ਸੰਭਾਲ ਅਥਾੱਰਿਟੀ (HCA) ਨੇ Apple Health (Medicaid) ਦੇ ਸਾਰੇ ਕਲਾਇੰਟਾਂ ਲਈ ਕਵਰੇਜ ਵਧਾਈ ਸੀ। ਸਾਂਝੇ ਖ਼ਰਚਿਆਂ ਬਾਰੇ ਕਾਨੂੰਨ, 2023 ਕਰਕੇ ਵਧਾਈ ਗਈ ਇਹ ਮਿਆਦ ਹੁਣ ਖ਼ਤਮ ਹੋ ਰਹੀ ਹੈ। **Apple Health ਦੇ ਗਾਹਕਾਂ ਵਲੋਂ ਜਾਣੂ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਉਹਨਾਂ ਦੀ ਸੰਪਰਕ ਜਾਣਕਾਰੀ ਨੂੰ ਅਪਡੇਟ ਰੱਖਣਾ ਹੈ।** ਅਪਡੇਟ ਦਾ ਅਮਲ ਯਕੀਨੀ ਬਣਾਉਂਦਾ ਹੈ ਕਿ ਉਹਨਾਂ ਦੇ ਨਵਿਆਉਣ ਸਬੰਧੀ ਨੋਟਿਸ ਸਮੇਤ ਉਹਨਾਂ ਦੀ ਕਵਰੇਜ ਬਾਰੇ ਬਹੁਤ ਜ਼ਰੂਰੀ ਨੋਟਿਸ ਨਾ ਖੁੰਝਣ।

**ਜਾਰੀ ਕਵਰੇਜ ਦੇ ਖ਼ਤਮ ਹੋਣ 'ਤੇ ਤਿਆਰੀ ਕਰਨ** ਲਈ ਕਿਹੜੀਆਂ ਤਬਦੀਲੀਆਂ ਬਾਰੇ ਦੱਸਣ ਦੀ ਲੋੜ ਹੈ, ਬਾਰੇ ਜਾਣੋ:

- Apple Health (ਇਕੱਲੇ ਬਾਲਗ਼, ਬੱਚੇ, ਗਰਭਵਤੀ ਲੋਕ ਅਤੇ ਮਾਤਾ-ਪਿਤਾ/ਕੇਅਰਟੇਕਰ)
- Apple Health ਕਲਾਸਿਕ Medicaid (65 ਸਾਲ ਜਾਂ ਵੱਧ ਉਮਰ ਦੇ ਲੋਕ, ਨੇਤਰਹੀਣ ਜਾਂ ਅਸਮਰੱਥ (ਅਪਾਹਜ) ਹਨ)

## Apple Health (Medicaid) ਕਵਰੇਜ ਲਈ ਤਬਦੀਲੀ ਦੀ ਰਿਪੋਰਟ ਕਿਵੇਂ ਕਰਾਂ?

### ਫ਼ੈਸਲਾ ਕਰੋ ਕਿ ਤੁਸੀਂ Apple Health ਪਰ੍ਾਪਤਕਰਤਾ ਹੋ

ਮੈਨੂੰ ਹੇਠਾਂ ਦਿੱਤਿਆਂ ਲਈ ਤਬਦੀਲੀ ਕਰਨ ਦੀ ਲੋੜ ਹੈ:

- Medicare ਤੋਂ ਬਿਨਾ 19 ਤੋਂ 64 ਸਾਲ ਦੀ ਉਮਰ ਦਾ ਬਾਲਗ਼।
- ਬੱਚਾ।
- ਕੋਈ, ਜੋ ਗਰਭਵਤੀ ਹੈ।
- ਮਾਤਾ-ਪਿਤਾ/ਕੇਅਰਟੇਕਰ।

## Apple Health ਕਵਰੇਜ ਲਈ ਮੈਨੂੰ ਕਿਹੜੀਆਂ ਤਬਦੀਲੀਆਂ ਬਾਰੇ ਦੱਸਣ ਦੀ ਲੋੜ ਹੈ?

ਜਾਰੀ ਕਵਰੇਜ ਦੌਰਾਨ, Apple Health ਦੇ ਕਲਾਇੰਟਾਂ ਨੂੰ ਅਜੇ ਵੀ ਹੇਠਾਂ ਦਿੱਤੀਆਂ ਤਬਦੀਲੀਆਂ ਬਾਰੇ ਦੱਸਣ ਦੀ ਲੋੜ ਹੈ:

- ਘਟੀ ਜਾਂ ਖੁੰਝੀ ਹੋਈ ਆਮਦਨ
- ਰਿਹਾਇਸ਼ੀ ਪਤਾ
- ਡਾਕ ਪਤਾ
- ਵਿਆਹੁਤਾ ਸਥਿਤੀ
- ਘਰ ਦੀ ਬਣਤਰ
- ਗਰਭ-ਅਵਸਥਾ
- ਕੈਦ
- ਹੋਰ ਬੀਮਾ ਜਾਂ ਤੀਜੀ-ਧਿਰ ਦੀ ਜ਼ਿੰਮੇਵਾਰੀ (TPL) ਬਾਰੇ ਕਵਰੇਜ, ਇਸ ਵਿੱਚ ਮੈਡੀਕੇਅਰ ਦੀ ਯੋਗਤਾ ਸ਼ਾਮਿਲ ਹੈ
- ਇਮੀਗਰੇਸ਼ਨ ਜਾਂ ਨਾਗਰਿਕਤਾ ਦੀ ਸਥਿਤੀ
- **ਪਤੇ ਦੀ ਰਾਜ਼ਦਾਰੀ ਬਾਰੇ ਪਰੋ੍ਗਰਾਮ (ACP) ਵਿੱਚ ਰਜਿਸਟਰੇ੍ਸ਼ਨ**

Washington State Health Care Authority
ਵਾੱਸ਼ਿੰਗਟਨ Apple Health (Medicaid) ਦਾ ਪਰ੍ਬੰਧ ਸਿਹਤ ਸੰਭਾਲ ਅਥਾੱਰਿਟੀ ਕਰਦੀ ਹੈ

## Apple Health ਕਵਰੇਜ ਲਈ ਤਬਦੀਲੀ ਬਾਰੇ ਦੱਸਣ ਲਈ ਵਿਕਲਪ

Apple Health ਥ ਕਵਰੇਜ ਲਈ ਤਬਦੀਲੀ ਬਾਰੇ ਦੱਸਣ ਲਈ ਤੁਹਾਡੇ ਕੋਲ ਕਈ ਵਿਕਲਪ ਹਨ:

- ਔਨਲਾਈਨ: **Washington Healthplanfinder (ਵਾੱਸ਼ਿੰਗਟਨ ਹੈਲਥਪਲਾਨਫ਼ਾਈਡਰ)** - 'ਤੇ ਜਾਓ- ਲੌਗ ਇਨ ਕਰੋ ਅਤੇ ਫ਼ੌਰੀ ਲਿੰਕਸ (Quick Links) ਹੇਠ "ਆਮਦਨ ਜਾਂ ਪਰਿਵਾਰ ਵਿੱਚ ਤਬਦੀਲੀ ਬਾਰੇ ਦੱਸਣਾ" ਚੁਣੋ।
- ਫੋਨ: 1-855-923-4633 'ਤੇ Washington Healthplanfinder (ਵਾੱਸ਼ਿੰਗਟਨ ਹੈਲਥਪਲਾਨਫ਼ਾਈਡਰ) ਦੇ ਗਾਹਕ ਸਹਾਇਤਾ ਸੈਂਟਰ ਨੂੰ ਕਾੱਲ ਕਰੋ।
- ਈਮੇਲ: **askmagi@hca.wa.gov**
- ਦਸਤਾਵੇਜ਼: ਇਸ ਪਤੇ 'ਤੇ ਤਬਦੀਲੀ ਦੀ ਪੁਸ਼ਟੀ ਸਬਮਿਟ ਕਰੋ: HCA-MEDS, PO Box 45531, Olympia WA 98504

ਤੁਹਾਡੀ ਤਬਦੀਲੀ ਦਾ ਅਮਲ ਸ਼ੁਰੂ ਹੁੰਦਿਆਂ ਸਾਰ ਹੀ, ਤੁਹਾਨੂੰ ਇੱਕ ਨੋਟੀਫ਼ਿਕੇਸ਼ਨ ਮਿਲੇਗਾ, ਜਿਸ ਵਿੱਚ ਤੁਹਾਡੀ ਕਵਰੇਜ ਵਿਚਲੀਆਂ ਕਿਸੇ ਵੀ ਤਬਦੀਲੀਆਂ ਜਾਂ ਕਿਸੇ ਵੀ ਅਗਲੀਆਂ ਕਾਰਵਾਈਆਂ ਬਾਰੇ ਦੱਸਿਆ ਗਿਆ ਹੁੰਦਾ ਹੈ।

## Apple Health ਕਲਾਸਿਕ Medicaid ਕਵਰੇਜ ਲਈ ਤਬਦੀਲੀ ਬਾਰੇ ਮੈਂ ਕਿਵੇਂ ਦੱਸਾਂ?

### ਫ਼ੈਸਲਾ ਕਰੋ ਕਿ ਤੁਸੀ Apple Health ਕਲਾਸਿਕ Medicaid ਪਰ੍ਾਪਤਕਰਤਾ ਹੋ

ਮੈਨੂੰ ਹੇਠਾਂ ਦਿੱਤਿਆਂ ਲਈ ਤਬਦੀਲੀ ਕਰਨ ਦੀ ਲੋੜ ਹੈ:

- 65 ਸਾਲ ਜਾਂ ਵੱਧ ਉਮਰ ਦਾ ਬਾਲਗ਼।
- ਕੋਈ ਸ਼ਖ਼ਸ, ਜੋ ਨੇਤਰਹੀਣ ਜਾਂ ਅਸਮਰੱਥ (ਅਪਾਹਜ) ਹੈ।
- ਕੋਈ ਸ਼ਖ਼ਸ, ਜੋ ਲੰਮੀ ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਪਰ੍ਾਪਤ ਕਰ ਰਿਹਾ/ਰਹੀ ਹੈ।

## Apple Health ਕਲਾਸਿਕ Medicaid ਕਵਰੇਜ ਲਈ ਮੈਨੂੰ ਕਿਹੜੀਆਂ ਤਬਦੀਲੀਆਂ ਕਰਨ ਦੀ ਲੋੜ ਹੈ?

ਜਾਰੀ Apple Health ਕਲਾਸਿਕ Medicaid ਦੌਰਾਨ, ਕਲਾਇੰਟਾਂ ਨੂੰ ਅਜੇ ਵੀ ਹੇਠਾਂ ਦਿੱਤੀਆਂ ਤਬਦੀਲੀਆਂ ਬਾਰੇ ਦੱਸਣ ਦੀ ਲੋੜ ਹੈ:

- ਘਟੀ ਜਾਂ ਖੁੰਝੀ ਹੋਈ ਆਮਦਨ
- ਰਿਹਾਇਸ਼ੀ ਪਤਾ
- ਡਾਕ ਪਤਾ
- ਗਰਭ-ਅਵਸਥਾ
- ਇਮੀਗਰੇਸ਼ਨ ਜਾਂ ਨਾਗਰਿਕਤਾ ਦੀ ਸਥਿਤੀ
- **ਪਤੇ ਦੀ ਰਾਜ਼ਦਾਰੀ ਬਾਰੇ ਪਰੋ੍ਗਰਾਮ (ACP) ਵਿੱਚ ਰਜਿਸਟਰੇ੍ਸ਼ਨ**

## Apple Health ਕਲਾਸਿਕ Medicaid ਕਵਰੇਜ ਲਈ ਤਬਦੀਲੀ ਬਾਰੇ ਦੱਸਣ ਲਈ ਵਿਕਲਪ

Apple Health ਕਲਾਸਿਕ Medicaid ਕਵਰੇਜ ਲਈ ਤਬਦੀਲੀ ਬਾਰੇ ਦੱਸਣ ਲਈ ਤੁਹਾਡੇ ਕੋਲ ਕਈ ਵਿਕਲਪ ਹਨ::

- **ਔਨਲਾਈਨ:** **Washington Connection (ਵਾੱਸ਼ਿੰਗਟਨ ਕਨੈਕਸ਼ਨ)** 'ਤੇ ਜਾਓ - "ਤਬਦੀਲੀ ਬਾਰੇ ਦੱਸੋ" ਚੁਣੋ ਅਤੇ ਦੱਸੀ ਜਾਣ ਵਾਲੀ ਹਿਦਾਇਤ ਦੀ ਪਾਲਣਾ ਕਰੋ।
- **ਫੋਨ:** 1-877-501-2233 'ਤੇ DSHS ਗਾਹਕ ਸੇਵਾ ਸੈਂਟਰ ਨੂੰ ਕਾੱਲ ਕਰੋ।
- **ਦਸਤਾਵੇਜ਼:** ਇਸ ਪਤੇ 'ਤੇ ਤਬਦੀਲੀ ਦੀ ਪੁਸ਼ਟੀ ਸਬਮਿਟ ਕਰੋ: DSHS-CSD, PO Box 11699, Tacoma, WA 98411-6699.

ਤੁਹਾਡੀ ਤਬਦੀਲੀ ਦਾ ਅਮਲ ਸ਼ੁਰੂ ਹੁੰਦਿਆਂ ਸਾਰ ਹੀ, ਤੁਹਾਨੂੰ ਇੱਕ ਨੋਟੀਫ਼ਿਕੇਸ਼ਨ ਮਿਲੇਗਾ, ਜਿਸ ਵਿੱਚ ਤੁਹਾਡੀ ਕਵਰੇਜ ਵਿਚਲੀਆਂ ਕਿਸੇ ਵੀ ਤਬਦੀਲੀਆਂ ਜਾਂ ਕਿਸੇ ਵੀ ਅਗਲੀਆਂ ਕਾਰਵਾਈਆਂ ਬਾਰੇ ਦੱਸਿਆ ਗਿਆ ਹੁੰਦਾ ਹੈ।

## ਸਬੰਧਿਤ ਲਿੰਕ

- **ਤਬਦੀਲੀਆਂ ਬਾਰੇ ਕਦੋਂ ਦੱਸੋ।**
- **ਉਹ ਤਬਦੀਲੀਆਂ, ਜਿਹਨਾਂ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ**
- **ਪਤੇ ਦੀ ਰਾਜ਼ਦਾਰੀ ਬਾਰੇ ਪਰੋ੍ਗਰਾਮ**